# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**19:30**

**ਮਿਤੀ :14-09-2026**

***<u>ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ</u>***

- ਅਮਰੀਕਾ ਦੇ ਇੱਕ ਵਿਸ਼ਲੇਸ਼ਕ ਨੇ 18ਵੇਂ ਬ੍ਰਿਕਸ ਸਿਖਰ ਸੰਮੇਲਨ ਨੂੰ ਬਹੁਤ ਸਫਲ ਦੱਸਦਿਆਂ, ਕਿਹਾ ਕਿ ਨਵੀਂ ਦਿੱਲੀ ਐਲਾਨਨਾਮਾ ਵੱਖੋ-ਵੱਖਰੇ ਵਿਚਾਰਾਂ ਵਾਲੇ ਦੇਸ਼ਾਂ ਵਿਚਕਾਰ ਸਹਿਮਤੀ ਬਣਾਉਣ ਦੀ ਭਾਰਤ ਦੀ ਯੋਗਤਾ ਨੂੰ ਦਰਸਾਉਂਦਾ ਏ।

- ਸਰਕਾਰ ਨੇ ਕਿਹਾ ਏ ਕਿ, ਫੌਜ ਦੇ ਅਣਥੱਕ ਯਤਨਾਂ ਸਦਕਾ, ਜੰਮੂ-ਕਸ਼ਮੀਰ ਵਿੱਚ ਸੁਰੱਖਿਆ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਏ।

- ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਅੱਜ ਨਵੀਂ ਦਿੱਲੀ ਵਿੱਚ, ਵੀਅਤਨਾਮ ਦੇ ਵਿਦੇਸ਼ ਮੰਤਰੀ ਨਾਲ 19ਵੀਂ ਭਾਰਤ-ਵੀਅਤਨਾਮ ਸੰਯੁਕਤ ਕਮਿਸ਼ਨ ਦੀ ਮੀਟਿੰਗ ਦੀ ਸਹਿ-ਪ੍ਰਧਾਨਗੀ ਕੀਤੀ।

- ਸਰਕਾਰ ਨੇ ਨੇਪਾਲ ਬਿਜਲੀ ਅਥਾਰਟੀ ਨੂੰ ਇਸ ਸਾਲ 31 ਦਸੰਬਰ ਤੱਕ 18 ਘੰਟੇ ਰੋਜ਼ਾਨਾ ਬਿਜਲੀ ਬਰਾਮਦ ਕਰਨ ਦੀ ਇਜਾਜ਼ਤ ਦੇ ਦਿੱਤੀ ਏ।

- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਵਿੱਚ 27 ਅਕਤੂਬਰ ਤੋਂ 5 ਨਵੰਬਰ ਤੱਕ ਹੋਣ ਵਾਲੀ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ 2026 ਦਾ LOGO ਜਾਰੀ ਕੀਤਾ।

## *ਹੁਣ ਖਬਰਾਂ ਵਿਸਥਾਰ ਨਾਲ*

ਅਮਰੀਕਾ ਦੇ ਇੱਕ ਵਿਸ਼ਲੇਸ਼ਕ ਨੇ ਨਵੀਂ ਦਿੱਲੀ ਵਿੱਚ ਹੋਏ 18ਵੇਂ ਬ੍ਰਿਕਸ ਸੰਮੇਲਨ ਨੂੰ ਬਹੁਤ ਸਫਲ ਦੱਸਿਆ ਏ। ਉਨ੍ਹਾਂ ਕਿਹਾ ਕਿ ਨਵੀਂ ਦਿੱਲੀ ਐਲਾਨਨਾਮਾ ਵੱਖੋ-ਵੱਖਰੇ ਵਿਚਾਰਾਂ ਵਾਲੇ ਦੇਸ਼ਾਂ ਵਿਚਕਾਰ ਸਹਿਮਤੀ ਬਣਾਉਣ ਦੀ ਭਾਰਤ ਦੀ ਯੋਗਤਾ ਨੂੰ ਦਰਸਾਉਂਦਾ ਏ। ਅਟਲਾਂਟਿਕ ਕੌਂਸਲ ਵਿਖੇ ਦੱਖਣੀ ਏਸ਼ੀਆ ਲਈ ਸੀਨੀਅਰ ਫੈਲੋ ਮਾਈਕਲ ਕੁਗਲਮੈਨ ਨੇ ਕਿਹਾ ਕਿ ਇਹ ਐਲਾਨਨਾਮਾ ਭਾਰਤ ਦੀਆਂ ਵਧਦੀਆਂ ਵਿਸ਼ਵਵਿਆਪੀ ਤਾਲਮੇਲ ਸਮਰੱਥਾਵਾਂ ਅਤੇ ਬ੍ਰਿਕਸ ਦੀ ਵੱਧਦੀ ਮਾਨਤਾ ਨੂੰ ਦਰਸਾਉਂਦਾ ਏ।

ਭਾਰਤ ਦੀ ਪ੍ਰਧਾਨਗੀ ਹੇਠ ਦੋ-ਰੋਜ਼ਾ ਬ੍ਰਿਕਸ ਸੰਮੇਲਨ, ਕੱਲ੍ਹ ਨਵੀਂ ਦਿੱਲੀ ਵਿੱਚ ਖ਼ਤਮ ਹੋਇਆ। ਇਸ ਵਿੱਚ 11 ਪ੍ਰਮੁੱਖ ਉੱਭਰ ਰਹੀਆਂ ਅਰਥਵਿਵਸਥਾਵਾਂ ਨੇ ਹਿੱਸਾ ਲਿਆ, ਜੋ ਦੁਨੀਆ ਦੀ ਲਗਭਗ ਅੱਧੀ

ਆਬਾਦੀ ਅਤੇ ਵਿਸ਼ਵ ਜੀ.ਡੀ.ਪੀ ਦੀ ਲਗਭਗ 40 ਫ਼ੀਸਦੀ ਦੀ ਨੁਮਾਇੰਦਗੀ ਕਰਦੀਆਂ ਨੇ।

---------------------------------------------------

ਬ੍ਰਿਕਸ ਨੇਤਾਵਾਂ ਨੇ ਕਿਹਾ ਏ ਕਿ ਊਰਜਾ ਸੁਰੱਖਿਆ ਸਮਾਜਿਕ ਅਤੇ ਆਰਥਿਕ ਵਿਕਾਸ, ਰਾਸ਼ਟਰੀ ਸੁਰੱਖਿਆ ਅਤੇ ਸਾਰੇ ਦੇਸ਼ਾਂ ਦੀ ਭਲਾਈ ਲਈ ਇੱਕ ਮਹੱਤਵਪੂਰਨ ਨੀਂਹ ਏ। ਨਵੀਂ ਦਿੱਲੀ ਵਿੱਚ ਹੋਏ ਦੋ-ਰੋਜ਼ਾ ਬ੍ਰਿਕਸ ਸੰਮੇਲਨ ਦੌਰਾਨ, ਮੈਂਬਰ ਦੇਸ਼ਾਂ ਨੇ ਊਰਜਾ ਬਾਜ਼ਾਰਾਂ ਵਿੱਚ ਸਥਿਰਤਾ ਯਕੀਨੀ ਬਣਾ ਕੇ, ਵੱਖ-ਵੱਖ ਸਰੋਤਾਂ ਤੋਂ ਊਰਜਾ ਦੇ ਨਿਰਵਿਘਨ ਪ੍ਰਵਾਹ ਨੂੰ ਬਰਕਰਾਰ ਰੱਖ ਕੇ, ਅਤੇ ਮਹੱਤਵਪੂਰਨ ਊਰਜਾ ਅਦਾਰਿਆਂ ਦੀ ਰੱਖਿਆ ਕਰਕੇ, ਊਰਜਾ ਸੁਰੱਖਿਆ ਨੂੰ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਸੰਮੇਲਨ ਦੌਰਾਨ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਚੇਤਾਵਨੀ ਦਿੱਤੀ ਕਿ ਆਰਥਿਕ ਜਾਂ ਰਾਜਨੀਤਿਕ ਦਬਾਅ ਵਜੋਂ ਤਕਨਾਲੋਜੀ ਅਤੇ ਮਹੱਤਵਪੂਰਨ ਖਣਿਜਾਂ ਦੀ ਵਰਤੋਂ, ਤਰੱਕੀ ਵਿੱਚ ਰੁਕਾਵਟ ਪਾ ਸਕਦੀ ਏ।

---------------------------------------------------

ਸਰਕਾਰ ਨੇ ਕਿਹਾ ਏ ਕਿ ਫੌਜ ਦੇ ਅਣਥੱਕ ਯਤਨਾਂ ਸਦਕਾ ਜੰਮੂ-ਕਸ਼ਮੀਰ ਵਿੱਚ ਸੁਰੱਖਿਆ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਏ। ਰੱਖਿਆ ਮੰਤਰਾਲੇ ਨੇ 2025-26 ਲਈ ਆਪਣੀ ਤਾਜ਼ਾ ਸਾਲਾਨਾ ਰਿਪੋਰਟ ਵਿੱਚ ਕਿਹਾ ਏ ਕਿ ਇਨ੍ਹਾਂ ਯਤਨਾਂ ਦੇ ਨਤੀਜੇ ਵਜੋਂ, ਹਿੰਸਾ ਵਿੱਚ ਕਾਫ਼ੀ ਕਮੀ ਆਈ ਏ। ਵਿਰੋਧ

ਪ੍ਰਦਰਸ਼ਨਾਂ ਵਿੱਚ ਵੀ ਕਮੀ ਆਈ ਏ, ਅਤੇ ਪੱਥਰਬਾਜ਼ੀ ਦੀ ਕੋਈ ਘਟਨਾ ਨਹੀਂ ਵਾਪਰੀ ਏ।

ਇਸ ਰਿਪੋਰਟ 'ਚ ਚੀਨ ਨਾਲ ਸਮੁੱਚੀ ਸਥਿਤੀ 'ਤੇ ਵੀ ਰੌਸ਼ਨੀ ਪਾਈ ਗਈ ਏ। ਸਾਲ 2025 ਵਿੱਚ ਉੱਤਰੀ ਸਰਹੱਦਾਂ 'ਤੇ ਚੀਨੀ ਬਲਾਂ ਦੀ ਤਾਇਨਾਤੀ ਵਿੱਚ, ਕਾਫ਼ੀ ਕਮੀ ਆਈ। ਭਾਰਤ ਅਤੇ ਚੀਨ ਵਿਚਕਾਰ ਰਾਜਨੀਤਿਕ, ਕੂਟਨੀਤਕ ਅਤੇ ਫੌਜੀ ਪੱਧਰ 'ਤੇ ਦੁਵੱਲੀ ਗੱਲਬਾਤ ਨਾਲ ਉੱਤਰੀ ਸਰਹੱਦਾਂ 'ਤੇ ਸਕਾਰਾਤਮਕ ਵਿਕਾਸ ਹੋਇਆ ਏ, ਜਿਸ ਨਾਲ ਸਥਿਰਤਾ ਆਈ ਏ। ਰਿਪੋਰਟ ਅਨੁਸਾਰ, LAC ਨਾਲ ਸਾਰੇ ਖੇਤਰਾਂ ਵਿੱਚ, ਭਾਰਤੀ ਫੌਜੀ ਤਾਇਨਾਤੀ ਮਜ਼ਬੂਤ, ਚੰਗੀ ਤਰ੍ਹਾਂ ਸੰਗਠਿਤ ਅਤੇ ਕਿਸੇ ਵੀ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਤਿਆਰ ਏ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਏ ਕਿ ਰੱਖਿਆ ਮੰਤਰਾਲਾ, ਵਿਦੇਸ਼ੀ ਦਰਾਮਦਾਂ 'ਤੇ ਨਿਰਭਰਤਾ ਘਟਾਉਣ ਲਈ, ਭਾਰਤੀ ਉਦਯੋਗਿਕ ਅਧਾਰ ਨੂੰ ਸਰਗਰਮੀ ਨਾਲ ਤਰਜੀਹ ਦੇ ਰਿਹਾ ਏ।

---------------------------------------------------

ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਅੱਜ ਨਵੀਂ ਦਿੱਲੀ ਵਿੱਚ ਵੀਅਤਨਾਮ ਦੇ ਵਿਦੇਸ਼ ਮੰਤਰੀ ਲੀ ਹੋਈ ਟ੍ਰੰਗ ਨਾਲ, 19ਵੀਂ ਭਾਰਤ-ਵੀਅਤਨਾਮ ਸੰਯੁਕਤ ਕਮਿਸ਼ਨ ਦੀ ਮੀਟਿੰਗ ਦੀ ਸਹਿ-ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਰਾਜਨੀਤਿਕ, ਰੱਖਿਆ ਅਤੇ ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਭਾਰਤੀ 'ਚ ਬਣੇ ਰੱਖਿਆ ਉਪਕਰਣਾਂ ਦੀ ਸਪਲਾਈ

ਵਧਾਉਣ 'ਤੇ ਚਰਚਾ ਕੀਤੀ ਗਈ। ਦੋਵਾਂ ਧਿਰਾਂ ਨੇ ਵਪਾਰ, ਨਿਵੇਸ਼ ਅਤੇ ਸਪਲਾਈ ਲੜੀ ਦੇ ਮੁੱਦਿਆਂ 'ਤੇ ਵੀ ਚਰਚਾ ਕੀਤੀ। ਸਮੁੰਦਰੀ, ਖੇਤੀਬਾੜੀ ਉਤਪਾਦਾਂ ਅਤੇ ਦਵਾਈਆਂ ਲਈ ਬਾਜ਼ਾਰ ਪਹੁੰਚ ਵਧਾਉਣ ਬਾਰੇ ਵੀ ਸ਼ਾਲ-ਮਸ਼ਵਰਾ ਕੀਤਾ ਗਿਆ।

-----------------------------------------------------

ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਅੱਜ ਸ਼ਾਮ ਕੈਨੇਡਾ ਦੇ ਵਿਦੇਸ਼ ਮੰਤਰੀ ਅਨੀਤਾ ਆਨੰਦ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਡਾ. ਜੈਸ਼ੰਕਰ ਨੇ ਕਿਹਾ ਕਿ ਦੁਵੱਲੇ ਸਹਿਯੋਗ ਦੇ ਨਾਲ-ਨਾਲ ਯੂਕਰੇਨ ਦੀ ਸਥਿਤੀ 'ਤੇ ਚਰਚਾ ਕੀਤੀ ਗਈ।

-----------------------------------------------------

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਕਿਹਾ ਕਿ ਭਾਰਤ ਦਾ ਸੱਭਿਆਚਾਰ ਅਤੇ ਸਾਹਿਤ ਇੱਕ ਕਮਲ ਦੀ ਤਰ੍ਹਾਂ ਏ, ਜਿਸਦੀ ਹਰੇਕ ਖੇਤਰੀ ਭਾਸ਼ਾ, ਉਸ ਦੀ ਇੱਕ ਪੰਖੁੜੀ ਨੂੰ ਦਰਸਾਉਂਦੀ ਏ। ਉਨ੍ਹਾਂ ਕਿਹਾ ਕਿ ਜੇਕਰ ਇੱਕ ਵੀ ਪੰਖੁੜੀ ਟੁੱਟ ਜਾਏ ਤਾਂ ਪੂਰੇ ਕਮਲ ਦੀ ਸੁੰਦਰਤਾ ਘੱਟ ਜਾਂਦੀ ਏ। ਸ਼੍ਰੀ ਸ਼ਾਹ ਨੇ ਕਿਹਾ ਕਿ ਸਾਰੀਆਂ ਖੇਤਰੀ ਭਾਸ਼ਾਵਾਂ ਨੂੰ ਪੂਰਾ ਸਤਿਕਾਰ ਅਤੇ ਮਾਣ ਦਿੰਦਿਆਂ ਹਿੰਦੀ ਨੂੰ ਕੇਂਦਰੀ ਭੂਮਿਕਾ ਨਿਭਾਉਣੀ ਚਾਹੀਦੀ ਏ। ਉਨ੍ਹਾਂ ਅੱਜ ਹਿੰਦੀ ਦਿਵਸ ਮੌਕੇ ਮੁੰਬਈ ਵਿੱਚ 2 ਦਿਨਾਂ ਹਿੰਦੀ

ਦਿਵਸ ਅਤੇ 6ਵੇਂ ਸਰਬ ਭਾਰਤੀ ਰਾਜ-ਭਾਸ਼ਾ ਸੰਮੇਲਨ ਦਾ ਉਦਘਾਟਨ ਕੀਤਾ।

ਉਨ੍ਹਾਂ ਕਿਹਾ ਕਿ ਭਾਸ਼ਾਈ ਵਿਭਿੰਨਤਾ ਦੇਸ਼ ਦੀ ਤਾਕਤ ਏ ਅਤੇ ਹਿੰਦੀ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿਚਕਾਰ ਸੰਵਾਦ ਲਈ ਇੱਕ ਪ੍ਰਭਾਵਸ਼ਾਲੀ ਪੁਲ ਏ।

**BYTE: AMIT SHAH ON HINDI DIWAS**

ਇਸ ਮੌਕੇ, ਗਿਆਰਾਂ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਰਾਜ ਭਾਸ਼ਾ ਦੇ ਖੇਤਰ ਵਿੱਚ ਉਨ੍ਹਾਂ ਦੇ ਸ਼ਾਨਦਾਰ ਕੰਮ ਅਤੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

---------------------------------------------------

ਸਰਕਾਰ ਨੇ ਨੇਪਾਲ ਬਿਜਲੀ ਅਥਾਰਟੀ ਨੂੰ ਇਸ ਸਾਲ 31 ਦਸੰਬਰ ਤੱਕ 18 ਘੰਟੇ ਰੋਜ਼ਾਨਾ ਬਿਜਲੀ ਬਰਾਮਦ ਕਰਨ ਦੀ ਇਜਾਜ਼ਤ ਦੇ ਦਿੱਤੀ ਏ। ਬਿਜਲੀ ਮੰਤਰਾਲੇ ਨੇ ਦੱਸਿਆ ਕਿ ਮੁਜ਼ੱਫਰਪੁਰ-ਢਲਕੇਬਾਰ ਲਾਈਨ ਰਾਹੀਂ 600 ਮੈਗਾਵਾਟ ਤੱਕ ਅਤੇ ਟਨਕਪੁਰ-ਮਹੇਂਦਰਨਗਰ ਲਾਈਨ ਰਾਹੀਂ 54 ਮੈਗਾਵਾਟ ਤੱਕ ਦੀ ਬਰਾਮਦ ਨੂੰ ਮਨਜ਼ੂਰੀ ਦੇ ਦਿੱਤੀ ਗਈ ਏ।

ਹਾਲੀਆ ਹੜ੍ਹਾਂ ਨੇ ਨੇਪਾਲ ਦੇ ਪਣ-ਬਿਜਲੀ ਬੁਨਿਆਦੀ ਢਾਂਚੇ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਏ, ਜਿਸ ਨਾਲ ਇਸਦੀ ਘਰੇਲੂ ਬਿਜਲੀ ਉਤਪਾਦਨ ਸਮਰੱਥਾ ਘੱਟ ਗਈ ਏ ਅਤੇ ਵਾਧੂ ਬਿਜਲੀ ਦੀਆਂ ਜ਼ਰੂਰਤਾਂ ਪੈਦਾ ਹੋਈਆਂ ਨੇ। ਇਹ ਪ੍ਰਵਾਨਗੀ ਨੇਪਾਲ ਨੂੰ ਇਸ ਮੁਸ਼ਕਲ ਸਮੇਂ ਦੌਰਾਨ ਆਪਣੀਆਂ ਬਿਜਲੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਦਦ ਕਰੇਗੀ

ਅਤੇ ਭਾਰਤ ਅਤੇ ਨੇਪਾਲ ਵਿਚਕਾਰ ਨੇੜਲੇ ਅਤੇ ਲੰਬੇ ਸਮੇਂ ਤੋਂ ਚੱਲ ਰਹੇ ਊਰਜਾ ਸਹਿਯੋਗ ਨੂੰ ਹੋਰ ਮਜ਼ਬੂਤ ਕਰੇਗੀ। ਮੰਤਰਾਲੇ ਨੇ ਕਿਹਾ ਕਿ ਭਾਰਤ ਨੇਪਾਲ ਦੀ ਸਹਾਇਤਾ ਕਰਨ ਅਤੇ ਊਰਜਾ ਖੇਤਰ ਵਿੱਚ ਆਪਸੀ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਏ।

---------------------------------------------------

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅੱਜ ਤਿੰਨ ਦਿਨਾਂ ਦੌਰੇ 'ਤੇ ਥਿੰਫੂ ਪਹੁੰਚ ਗਏ ਨੇ। ਇਸ ਦੌਰਾਨ, ਉਹ ਥਿੰਫੂ ਵਿੱਚ ਭੂਟਾਨ ਦੇ ਰਾਜਾ ਜਿਗਮੇ ਖੇਸਰ ਨਾਮਗਯੇਲ ਵਾਂਗਚੁਕ ਨਾਲ ਮੁਲਾਕਾਤ ਕਰਨਗੇ। ਚੋਣ ਕਮਿਸ਼ਨ ਨੇ ਕਿਹਾ ਕਿ ਇਸ ਦੌਰੇ ਦਾ ਮੁੱਖ ਪ੍ਰੋਗਰਾਮ ਭਲਕੇ ਪਾਰੋ ਦੇ ਜਿਗਮੇ ਸਿੰਗਯੇ ਵਾਂਗਚੁਕ ਸਕੂਲ ਆਫ਼ ਲਾਅ ਵਿਖੇ ਭੂਟਾਨ ਦੇ ਰਾਸ਼ਟਰੀ ਵੋਟਰ ਦਿਵਸ ਦਾ ਸਮਾਰੋਹ  ਹੋਵੇਗਾ। ਬੁੱਧਵਾਰ ਨੂੰ, ਸ਼੍ਰੀ ਕੁਮਾਰ ਭੂਟਾਨ ਦੇ ਪ੍ਰਧਾਨ ਮੰਤਰੀ ਦਾਸ਼ੋ ਸ਼ੇਰਿੰਗ ਟੋਬਗੇ ਨਾਲ ਮੁਲਾਕਾਤ ਕਰਨਗੇ। ਇਹ ਦੌਰਾ ਚੋਣ ਕਮਿਸ਼ਨ ਅਤੇ ਭੂਟਾਨ ਦੇ ਚੋਣ ਕਮਿਸ਼ਨ ਵਿਚਕਾਰ ਨੇੜਲੇ ਸੰਸਥਾਗਤ ਸਹਿਯੋਗ ਨੂੰ ਹੋਰ ਮਜ਼ਬੂਤ ਕਰੇਗਾ।

---------------------------------------------------

ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਨੇ 16 ਮਾਰਚ 2022 ਤੋਂ 11 ਸਤੰਬਰ 2026 ਤੱਕ ਦੇ ਚਾਰ ਸਾਲਾਂ ਤੋਂ ਵੱਧ ਸਮੇਂ ਦੌਰਾਨ ਕੀਤੀ ਗਈ

ਕਾਰਵਾਈ ਦੌਰਾਨ, 92 ਦਹਿਸ਼ਤਗਰਦੀ ਮੋਡੀਊਲਾਂ ਦਾ ਪਰਦਾਫਾਸ਼ ਕਰਕੇ, 686 ਦਹਿਸ਼ਤਗਰਦਾਂ ਨੂੰ ਗ੍ਰਿਫ਼ਤਾਰ ਕੀਤਾ ਏ।

ਇਸ ਦੇ ਨਾਲ ਹੀ, ਇਸ ਵਿੰਗ ਨੇ ਇਸ ਸਮੇਂ ਦੌਰਾਨ 53 ਦਹਿਸ਼ਤਗਰਦੀ ਮੋਡੀਊਲਾਂ ਨੂੰ ਸਮੇਂ ਤੋਂ ਪਹਿਲਾਂ ਖ਼ਤਮ ਕਰਕੇ, ਵੱਡੇ ਦਹਿਸ਼ਤਗਰਦ ਹਮਲਿਆਂ ਨੂੰ ਟਾਲਿਆ ਏ।

ਪੰਜਾਬ ਪੁਲਿਸ ਡਾਇਰੈਕਟਰ ਜਨਰਲ, ਗੌਰਵ ਯਾਦਵ ਨੇ ਅੱਜ ਚੰਡੀਗੜ੍ਹ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ, AK-47 ਅਤੇ ਹੋਰ ਘਾਤਕ ਰਾਈਫਲਾਂ, ਰਿਵਾਲਵਰਾਂ ਤੇ ਆਈ.ਈ.ਡੀ. ਸਮੇਤ ਵੱਡੀ ਗਿਣਤੀ ਵਿੱਚ ਹਥਿਆਰ ਬਰਾਮਦ ਕੀਤੇ ਗਏ ਨੇ। ਉਨ੍ਹਾਂ ਕਿਹਾ ਕਿ 28 ਕਿਲੋਗ੍ਰਾਮ ਤੋਂ ਵੱਧ RDX ਅਤੇ ਹੋਰ ਵਿਸਫੋਟਕਾਂ ਨਾਲ, 131 ਹੈਂਡ ਗ੍ਰਨੇਡ ਅਤੇ 6 RPG ਲਾਂਚਰ ਵੀ ਜ਼ਬਤ ਕੀਤੇ ਗਏ ਨੇ।

ਪੁਲਿਸ ਮੁਖੀ ਨੇ ਦੱਸਿਆ ਕਿ, ਸਤੰਬਰ 2024 ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ—ਵੱਖ-ਵੱਖ ਪੁਲਿਸ ਥਾਣਿਆਂ ਸਮੇਤ—43 ਦਹਿਸ਼ਤਗਰਦ ਹਮਲਿਆਂ ਦੀਆਂ ਘਟਨਾਵਾਂ ਸਾਹਮਣੇ ਆਈਆਂ ਨੇ। ਉਨ੍ਹਾਂ ਦਾਅਵਾ ਕੀਤਾ ਕਿ ਹੁਣ ਤੱਕ ਇਨ੍ਹਾਂ ਸਾਰੇ ਮਾਮਲਿਆਂ ਨੂੰ ਰਿਕਾਰਡ ਸਮੇਂ ਵਿੱਚ ਹੱਲ ਕਰ ਲਿਆ ਗਿਆ ਏ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ, ਲਗਭਗ 80,000 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਏ ਅਤੇ 3800 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਸਮੇਤ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਨੇ।

---------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਿੱਚ 27 ਅਕਤੂਬਰ ਤੋਂ 5 ਨਵੰਬਰ ਤੱਕ ਹੋਣ ਵਾਲੀ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ 2026 ਦਾ ਅੱਜ LOGO ਜਾਰੀ ਕੀਤਾ।

ਪੰਜਾਬ ਪਹਿਲੀ ਵਾਰ ਇਸ ਪ੍ਰਤਿਸ਼ਠਤ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰ ਰਿਹਾ ਏ। ਜਲੰਧਰ ਦਾ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਉਦਘਾਟਨੀ ਸਮਾਰੋਹ ਅਤੇ ਲੀਗ ਮੈਚਾਂ ਦੀ ਮੇਜ਼ਬਾਨੀ ਕਰੇਗਾ, ਜਦਕਿ ਮੋਹਾਲੀ ਦਾ ਓਲੰਪੀਅਨ ਬਲਬੀਰ ਸਿੰਘ (ਸੀਨੀਅਰ) ਅੰਤਰਰਾਸ਼ਟਰੀ ਹਾਕੀ ਸਟੇਡੀਅਮ ਸੈਮੀ-ਫਾਈਨਲ ਅਤੇ ਫਾਈਨਲ ਮੈਚਾਂ ਦੀ ਮੇਜ਼ਬਾਨੀ ਕਰੇਗਾ।

ਇਸ ਟੂਰਨਾਮੈਂਟ ਵਿੱਚ ਭਾਰਤ ਅਤੇ ਪਾਕਿਸਤਾਨ ਸਮੇਤ 6 ਦੇਸ਼ਾਂ ਦੀਆਂ ਹਾਕੀ ਟੀਮਾਂ ਹਿੱਸਾ ਲੈਣਗੀਆਂ। ਏਸ਼ੀਆ ਦੇ ਸਰਬੋਤਮ ਹਾਕੀ ਖੇਡਣ ਵਾਲੇ ਦੇਸ਼ਾਂ ਵਿੱਚੋਂ ਜਾਪਾਨ, ਦੱਖਣੀ ਕੋਰੀਆ, ਮਲੇਸ਼ੀਆ ਅਤੇ ਚੀਨ ਵੀ ਮੁਕਾਬਲੇ 'ਚ ਹਿੱਸਾ ਲੈਣਗੇ, ਜਦਕਿ ਓਮਾਨ ਅਤੇ ਬੰਗਲਾਦੇਸ਼ ਰਿਜ਼ਰਵ ਟੀਮਾਂ ਹੋਣਗੀਆਂ।

---------------------------------------------------

ਭਾਰਤੀ ਰਿਜ਼ਰਵ ਬੈਂਕ ਨੇ ਸਾਈਬਰ ਧੋਖਾਧੜੀ ਅਤੇ ਵਿਵਾਦਿਤ ਲੈਣ-ਦੇਣ ਨੂੰ ਰੋਕਣ ਲਈ, ਇੱਕ ਨਵੇਂ ਢਾਂਚੇ ਦਾ ਖਰੜਾ ਜਾਰੀ ਕੀਤਾ ਏ। ਇਸ ਤਹਿਤ, ਬੈਂਕ ਪੂਰੇ ਖਾਤੇ ਦੀ ਬਜਾਏ, ਸਿਰਫ ਵਿਵਾਦਿਤ ਲੈਣ-ਦੇਣ ਦੀ ਰਕਮ 'ਤੇ

ਅਸਥਾਈ ਤੌਰ 'ਤੇ ਰੋਕ ਲਾਏਗਾ। ਇਹ ਸਿਰਫ਼ ਉਦੋ ਹੀ ਕੀਤਾ ਜਾਵੇਗਾ, ਜਦ 1,000 ਰੁਪਏ ਜਾਂ ਇਸ ਤੋਂ ਵੱਧ ਦੇ ਅਸਧਾਰਨ ਤਬਾਦਲੇ ਦੇ Mule account ਜਾਂ ਸਾਈਬਰ ਧੋਖਾਧੜੀ ਨਾਲ ਜੁੜੇ ਹੋਣ ਦਾ ਸ਼ੱਕ ਹੋਵੇ। ਬੈਂਕਾਂ ਨੂੰ ਉਹਨਾਂ ਰਕਮਾਂ ਦੀ ਪਛਾਣ ਕਰਨ ਲਈ AI-ਅਧਾਰਤ ਲੈਣ-ਦੇਣ ਨਿਗਰਾਨੀ ਪ੍ਰਣਾਲੀਆਂ ਦੀ ਵਰਤੋਂ ਕਰਨ ਦੀ ਲੋੜ ਹੋਵੇਗੀ, ਜੋ ਗਾਹਕ ਦੀ ਪ੍ਰੋਫਾਈਲ ਨਾਲ ਮੇਲ ਨਹੀਂ ਖਾਂਦੀਆ ਜਾਂ ਜਾਣੇ-ਪਛਾਣੇ ਸਾਈਬਰ-ਧੋਖਾਧੜੀ ਨੈੱਟਵਰਕਾਂ ਨਾਲ ਜੁੜੀਆਂ ਨੇ।

---

- ਅਮਰੀਕਾ ਦੇ ਇੱਕ ਵਿਸ਼ਲੇਸ਼ਕ ਨੇ 18ਵੇਂ ਬ੍ਰਿਕਸ ਸਿਖਰ ਸੰਮੇਲਨ ਨੂੰ ਬਹੁਤ ਸਫਲ ਦੱਸਦਿਆਂ, ਕਿਹਾ ਕਿ ਨਵੀਂ ਦਿੱਲੀ ਐਲਾਨਨਾਮਾ ਵੱਖੋ-ਵੱਖਰੇ ਵਿਚਾਰਾਂ ਵਾਲੇ ਦੇਸ਼ਾਂ ਵਿਚਕਾਰ ਸਹਿਮਤੀ ਬਣਾਉਣ ਦੀ ਭਾਰਤ ਦੀ ਯੋਗਤਾ ਨੂੰ ਦਰਸਾਉਂਦਾ ਏ।

- ਸਰਕਾਰ ਨੇ ਕਿਹਾ ਏ ਕਿ, ਫੌਜ ਦੇ ਅਣਥੱਕ ਯਤਨਾਂ ਸਦਕਾ, ਜੰਮੂ-ਕਸ਼ਮੀਰ ਵਿੱਚ ਸੁਰੱਖਿਆ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਏ।

- ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਅੱਜ ਨਵੀਂ ਦਿੱਲੀ ਵਿੱਚ, ਵੀਅਤਨਾਮ ਦੇ ਵਿਦੇਸ਼ ਮੰਤਰੀ ਨਾਲ 19ਵੀਂ ਭਾਰਤ-ਵੀਅਤਨਾਮ ਸੰਯੁਕਤ ਕਮਿਸ਼ਨ ਦੀ ਮੀਟਿੰਗ ਦੀ ਸਹਿ-ਪ੍ਰਧਾਨਗੀ ਕੀਤੀ।

- ਸਰਕਾਰ ਨੇ ਨੇਪਾਲ ਬਿਜਲੀ ਅਥਾਰਟੀ ਨੂੰ ਇਸ ਸਾਲ 31 ਦਸੰਬਰ ਤੱਕ 18 ਘੰਟੇ ਰੋਜ਼ਾਨਾ ਬਿਜਲੀ ਬਰਾਮਦ ਕਰਨ ਦੀ ਇਜਾਜ਼ਤ ਦੇ ਦਿੱਤੀ ਏ।

- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਵਿੱਚ 27 ਅਕਤੂਬਰ ਤੋਂ 5 ਨਵੰਬਰ ਤੱਕ ਹੋਣ ਵਾਲੀ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ 2026 ਦਾ ਅੱਜ LOGO ਜਾਰੀ ਕੀਤਾ।

---------------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਰਾਸ਼ਟਰੀ ਖ਼ਬਰਾਂ ਦਾ ਬੁਲੇਟਿਨ, ਭਲਕੇ ਸਵੇਰੇ ਸਾਢੇ 8 ਵਜੇ ਹੋਏਗਾ। ਨਮਸਕਾਰ!**